# ਭਾਸ਼ਾਈ ਘੱਟ-ਗਿਣਤੀ ਨਾਗਰਿਕਾਂ ਲਈ ਵੋਟਿੰਗ ਸੁਰੱਖਿਆ ਵੋਟਿੰਗ ਰਾਈਟਸ ਐਕਟ ਦੀ ਧਾਰਾ 203

ਸਾਡੇ ਵਿਵਿਧ ਦੇਸ਼ ਵਿੱਚ, ਅੰਗਰੇਜ਼ੀ ਕਈ ਅਮਰੀਕੀ ਨਾਗਰਿਕਾਂ ਦੀ ਮੁੱਢਲੀ ਭਾਸ਼ਾ ਨਹੀਂ ਹੈ ਅਤੇ ਕਈ ਲੋਕਾਂ ਦੀ ਅੰਗਰੇਜ਼ੀ ਪੜ੍ਹਨ, ਲਿਖਣ ਜਾਂ ਸਮਝਣ ਦੀ ਯੋਗਤਾ ਸੀਮਿਤ ਹੈ। ਅੰਗਰੇਜ਼ੀ ਵਿੱਚ ਸੀਮਿਤ ਮੁਹਾਰਤ ਵਾਲੇ ਨਾਗਰਿਕਾਂ ਨੂੰ ਜਾਗਰੂਕ ਵੋਟਰ ਬਣਨ ਅਤੇ ਸਾਡੇ ਲੋਕਤੰਤਰ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਹਿੱਸਾ ਲੈਣ ਲਈ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਦੀ ਲੋੜ ਹੁੰਦੀ ਹੈ। ਵੋਟਿੰਗ ਰਾਈਟਸ ਐਕਟ (Voting Rights Act, VRA) ਦੀ ਧਾਰਾ 203 ਇਨ੍ਹਾਂ ਵਿੱਚੋਂ ਕਈ ਅਮਰੀਕੀਆਂ ਦੇ ਵੋਟਿੰਗ ਅਧਿਕਾਰਾਂ ਦੀ ਰੱਖਿਆ ਕਰਦੀ ਹੈ।

## ਵੋਟਿੰਗ ਰਾਈਟਸ ਐਕਟ ਦੀ ਧਾਰਾ 203[1]

ਧਾਰਾ 203 ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਨਾਗਰਿਕਾਂ ਨੂੰ ਵੋਟ ਪਾਉਣ ਲਈ ਰਜਿਸਟਰ ਕਰਨ, ਚੋਣਾਂ ਦਾ ਬਿਓਰਾ ਜਾਣਨ ਅਤੇ ਸੋਚ-ਸਮਝ ਕੇ ਵੋਟ ਪਾਉਣ ਦਾ ਇੱਕ ਪ੍ਰਭਾਵਸ਼ਾਲੀ ਮੌਕਾ ਮਿਲੇ।

1975 ਵਿੱਚ ਕਾਂਗਰਸ ਨੇ ਧਾਰਾ 203 ਨੂੰ ਸ਼ਾਮਲ ਕਰਨ ਲਈ VRA ਵਿੱਚ ਸੋਧ ਕੀਤੀ ਸੀ ਕਿਉਂਕਿ ਉਨ੍ਹਾਂ ਨੇ ਵੇਖਿਆ ਕਿ ਹਿਸਪੈਨਿਕ, ਏਸ਼ੀਆਈ ਅਮਰੀਕੀ, ਮੂਲ ਅਮਰੀਕੀ, ਅਤੇ ਅਲਾਸਕਾ ਦੇ ਮੂਲ ਨਿਵਾਸੀ ਨਾਗਰਿਕਾਂ ("ਭਾਸ਼ਾਈ ਘੱਟ-ਗਿਣਤੀਆਂ") ਨੂੰ "ਚੋਣ ਪ੍ਰਕਿਰਿਆ ਵਿੱਚ ਭਾਗੀਦਾਰੀ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਬਾਹਰ ਰੱਖਿਆ ਗਿਆ" ਸੀ। ਉਹਨਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਲਈ, ਕਾਂਗਰਸ ਨੇ ਕਿਹਾ ਸੀ, "ਅਜਿਹੇ ਵਿਤਕਰੇ ਨੂੰ ਖ਼ਤਮ ਕਰਨਾ ਜ਼ਰੂਰੀ ਹੈ।"

### *ਧਾਰਾ 203 ਵਿੱਚ ਕਿਹੜੇ ਭਾਸ਼ਾਈ ਭਾਈਚਾਰੇ ਸ਼ਾਮਲ ਹਨ?*

ਧਾਰਾ 203 "ਭਾਸ਼ਾਈ ਘੱਟ-ਗਿਣਤੀ" ਨਾਗਰਿਕਾਂ ਦੀ ਰੱਖਿਆ ਕਰਦੀ ਹੈ: ਹਿਸਪੈਨਿਕ, ਏਸ਼ੀਆਈ ਅਮਰੀਕੀ, ਮੂਲ ਅਮਰੀਕੀ, ਅਤੇ ਅਲਾਸਕਾ ਦੇ ਮੂਲ ਨਿਵਾਸੀ।

### *ਕਿਸਨੂੰ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਸਮੱਗਰੀ ਅਤੇ ਸਹਾਇਤਾ ਦੀ ਪੇਸ਼ਕਸ਼ ਲਾਜ਼ਮੀ ਤੌਰ 'ਤੇ ਕਰਨੀ ਚਾਹੀਦੀ ਹੈ?*

ਹਰ ਪੰਜ ਸਾਲਾਂ ਬਾਅਦ, ਅਮਰੀਕੀ ਜਨਗਣਨਾ ਬਿਊਰੋ ਉਹਨਾਂ ਅਧਿਕਾਰ ਖੇਤਰਾਂ ਦੀ ਸੂਚੀ ਜਾਰੀ ਕਰਦੀ ਹੈ (ਉਦਾਹਰਨ ਲਈ, ਕਾਉਂਟੀਆਂ ਅਤੇ ਸ਼ਹਿਰ) ਜਿਨ੍ਹਾਂ ਨੂੰ ਲਾਜ਼ਮੀ ਤੌਰ 'ਤੇ ਅੰਗਰੇਜ਼ੀ ਤੋਂ ਇਲਾਵਾ ਇੱਕ ਜਾਂ ਵੱਧ ਭਾਸ਼ਾਵਾਂ ਵਿੱਚ ਚੋਣ-ਸੰਬੰਧੀ ਸਮੱਗਰੀ ਅਤੇ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ। ਜਨਗਣਨਾ ਬਿਊਰੋ ਇਸ ਸੂਚੀ ਨੂੰ ਤਿਆਰ ਕਰਨ ਲਈ ਧਾਰਾ 203 ਵਿੱਚ ਇੱਕ ਫਾਰਮੂਲਾ ਲਾਗੂ

[1] ਇਹ ਗਾਈਡ ਵੋਟਿੰਗ ਰਾਈਟਸ ਐਕਟ ਦੀ ਧਾਰਾ 203 ਦੇ ਤਹਿਤ ਭਾਸ਼ਾਈ ਘੱਟ-ਗਿਣਤੀ ਸਮੂਹਾਂ ਦੇ ਅਧਿਕਾਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਗਾਈਡ ਕਨੂੰਨੀ ਜ਼ਿੰਮੇਵਾਰੀਆਂ ਨੂੰ ਲਾਗੂ ਨਹੀਂ ਕਰਦੀ ਅਤੇ ਇਸਦਾ ਉਦੇਸ਼ ਵਿਆਪਕ ਹੋਣਾ ਨਹੀਂ ਹੈ।

ਕਰਦੀ ਹੈ। ਕੁਝ ਥਾਂਵਾਂ ’ਤੇ, ਧਾਰਾ 203 ਦੀਆਂ ਸ਼ਰਤਾਂ ਨੂੰ ਲਾਗੂ ਕਰਨ ਲਈ ਦੋ ਜਾਂ ਵੱਧ ਭਾਸ਼ਾਈ ਘੱਟ-ਗਿਣਤੀ ਸਮੂਹ ਉਚਿਤ ਸੰਖਿਆ ਵਿੱਚ ਮੌਜੂਦ ਹਨ। ਦਸੰਬਰ 2021 ਵਿੱਚ ਜਾਰੀ ਕੀਤੀ ਗਈ, ਕਵਰ ਕੀਤੇ ਗਏ ਅਧਿਕਾਰ ਖੇਤਰਾਂ ਦੀ ਸਭ ਤੋਂ ਨਵੀਂ ਸੂਚੀ, www.justice.gov/crt/about-language-minority-voting-rights ’ਤੇ ਉਪਲਬਧ ਹੈ।

### *ਕਿਸੇ ਅਧਿਕਾਰ ਖੇਤਰ ਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਉਹ ਧਾਰਾ 203 ਦੇ ਅਧੀਨ ਹੈ?*

ਜਨਗਣਨਾ ਬਿਊਰੋ ਦੇ ਨਿਰਧਾਰਨਾਂ ਤੋਂ ਬਾਅਦ, ਯੂਨਾਈਟਡ ਸਟੇਟਸ ਡਿਪਾਰਟਮੈਂਟ ਆੱਫ਼ ਜਸਟਿਸ (“ਡਿਪਾਰਟਮੈਂਟ”) ਅਧਿਕਾਰ ਖੇਤਰਾਂ ਨੂੰ ਸੂਚਿਤ ਕਰਦਾ ਹੈ ਕਿ ਉਹ ਧਾਰਾ 203 ਦੇ ਅਧੀਨ ਹਨ।

### *ਕਵਰ ਕੀਤੇ ਗਏ ਅਧਿਕਾਰ-ਖੇਤਰਾਂ ਤੋਂ ਧਾਰਾ 203 ਕੀ ਲੋੜਦੀ ਹੈ?*

ਕਵਰ ਕੀਤੇ ਗਏ ਜਿਹੜੇ ਅਧਿਕਾਰ-ਖੇਤਰ ਅੰਗਰੇਜ਼ੀ ਵਿੱਚ ਚੋਣ-ਸੰਬੰਧੀ ਸਮੱਗਰੀ ਅਤੇ ਮੌਖਿਕ ਭਾਸ਼ਾ-ਸੰਬੰਧੀ ਸਹਾਇਤਾ ਪ੍ਰਦਾਨ ਕਰਦੇ ਹਨ, ਉਹਨਾਂ ਲਈ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਵੀ ਉਹ ਸਮੱਗਰੀ ਅਤੇ ਸਹਾਇਤਾ ਪ੍ਰਦਾਨ ਕਰਨਾ ਜ਼ਰੂਰੀ ਹੈ ਤਾਂ ਜੋ ਨਾਗਰਿਕ ਚੋਣਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਹਿੱਸਾ ਲੈ ਸਕਣ। ਧਾਰਾ 203 ਦੀਆਂ ਸ਼ਰਤਾਂ ਵੋਟਿੰਗ ਪ੍ਰਕਿਰਿਆ ਦੇ ਸਾਰੇ ਪੜਾਵਾਂ ’ਤੇ ਲਾਗੂ ਹੁੰਦੀਆਂ ਹਨ, ਜਿਨ੍ਹਾਂ ਵਿੱਚ ਵੋਟ ਪਾਉਣ ਲਈ ਰਜਿਸਟਰ ਕਰਨ ਤੋਂ ਲੈ ਕੇ ਚੋਣਾਂ ਕਰਵਾਉਣਾ ਅਤੇ ਵੋਟ ਪਾਉਣਾ ਸ਼ਾਮਲ ਹਨ।

### *ਕਿਹੜੀਆਂ ਚੋਣਾਂ ਧਾਰਾ 203 ਦੇ ਅਧੀਨ ਹਨ?*

ਧਾਰਾ 203 ਦੀਆਂ ਸ਼ਰਤਾਂ, ਆਮ, ਪ੍ਰਾਇਮਰੀ ਅਤੇ ਵਿਸ਼ੇਸ਼ ਚੋਣਾਂ ਸਮੇਤ, ਕਿਸੇ ਕਵਰ ਕੀਤੇ ਗਏ ਅਧਿਕਾਰ ਖੇਤਰ ਦੇ ਅੰਦਰ ਕਿਸੇ ਵੀ ਕਿਸਮ ਦੀਆਂ ਸੰਘੀ, ਰਾਜ ਜਾਂ ਸਥਾਨਕੀ ਚੋਣਾਂ ’ਤੇ ਲਾਗੂ ਹੁੰਦੀਆਂ ਹਨ।

## ਸਹੀ ਅਨੁਵਾਦ ਕੀਤੀ ਗਈ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਵੰਡੀ ਗਈ ਦੋਭਾਸ਼ੀ ਚੋਣ ਸਮੱਗਰੀ

### *ਕਿਸ ਚੋਣ-ਸੰਬੰਧੀ ਸਮੱਗਰੀ ਦਾ ਅਨੁਵਾਦ ਲਾਜ਼ਮੀ ਤੌਰ ’ਤੇ ਕੀਤਾ ਜਾਣਾ ਚਾਹੀਦਾ ਹੈ?*

ਜਦੋਂ ਕਵਰ ਕੀਤੇ ਗਏ ਅਧਿਕਾਰ-ਖੇਤਰ ਕਿਸੇ ਰਜਿਸਟ੍ਰੇਸ਼ਨ ਜਾਂ ਵੋਟਿੰਗ ਨੋਟਿਸ, ਫ਼ਾਰਮ, ਹਿਦਾਇਤਾਂ, ਸਹਾਇਤਾ, ਵੋਟ-ਪੱਤਰ, ਜਾਂ ਵੋਟਿੰਗ ਪ੍ਰਕਿਰਿਆ ਜਾਂ ਚੋਣ ਬਾਰੇ ਹੋਰ ਸਮੱਗਰੀ ਜਾਂ ਜਾਣਕਾਰੀ ਪ੍ਰਦਾਨ ਕਰਦੇ ਹਨ, ਤਾਂ ਉਹਨਾਂ ਨੂੰ ਲਾਜ਼ਮੀ ਤੌਰ ’ਤੇ ਅੰਗਰੇਜ਼ੀ ਅਤੇ ਲੋੜੀਂਦੀ ਘੱਟ-ਗਿਣਤੀ ਭਾਸ਼ਾ ਵਿੱਚ ਉਹ ਸਮੱਗਰੀ ਪ੍ਰਦਾਨ ਕਰਨੀ ਚਾਹੀਦੀ ਹੈ।

ਕਵਰ ਕੀਤੇ ਗਏ ਅਧਿਕਾਰ-ਖੇਤਰਾਂ ਨੂੰ ਲਾਜ਼ਮੀ ਤੌਰ ’ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਲੋੜੀਂਦੀ ਭਾਸ਼ਾ ਵਿੱਚ ਲਿਖਤੀ ਜਾਣਕਾਰੀ ਅਤੇ ਸਮੱਗਰੀ ਸਪੱਸ਼ਟ, ਸੰਪੂਰਨ ਹੈ ਅਤੇ ਉਸਦਾ ਸਹੀ ਅਨੁਵਾਦ ਕੀਤਾ ਗਿਆ ਹੈ।

ਅਨੁਵਾਦ ਸਹੀ ਹੋਣੇ ਚਾਹੀਦੇ ਹਨ ਅਤੇ ਉਹਨਾਂ ਨੂੰ ਲਾਜ਼ਮੀ ਤੌਰ 'ਤੇ ਭਾਸ਼ਾਈ ਘੱਟ-ਗਿਣਤੀ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਸਥਾਨਕ ਅਧਿਕਾਰੀਆਂ ਨੂੰ ਅਨੁਵਾਦ ਕੀਤੀ ਸਮੱਗਰੀ ਦੀ ਸ਼ੁੱਧਤਾ ਅਤੇ ਭਾਸ਼ਾਈ ਘੱਟ-ਗਿਣਤੀ ਭਾਈਚਾਰੇ ਲਈ ਕਿਸੇ ਵੀ ਖ਼ਾਸ ਪਰਿਵਰਤਨਾਂ, ਜਿਵੇਂ ਬੋਲੀ ਵਿੱਚ ਖ਼ਾਸ ਫ਼ਰਕ, ਦੇ ਸੰਬੰਧ ਵਿੱਚ ਕਵਰ ਕੀਤੇ ਗਏ ਭਾਸ਼ਾਈ ਘੱਟ-ਗਿਣਤੀ ਸਮੂਹ ਦੇ ਮੈਂਬਰਾਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

ਇਤਿਹਾਸਕ ਤੌਰ 'ਤੇ ਅਣਲਿਖਤੀ ਭਾਸ਼ਾਵਾਂ ਲਈ, ਅਧਿਕਾਰ-ਖੇਤਰਾਂ ਨੂੰ ਇਹ ਨਿਰਧਾਰਿਤ ਕਰਨ ਲਈ ਭਾਸ਼ਾਈ ਘੱਟ-ਗਿਣਤੀ ਭਾਈਚਾਰਿਆਂ ਨਾਲ ਕੰਮ ਕਰਨਾ ਚਾਹੀਦਾ ਹੈ ਕਿ ਯੋਗ ਵੋਟਰਾਂ ਤੱਕ ਚੋਣ-ਸੰਬੰਧੀ ਜਾਣਕਾਰੀ ਸਭ ਤੋਂ ਵਧੀਆ ਤਰੀਕੇ ਨਾਲ ਕਿਵੇਂ ਪਹੁੰਚਾਈ ਜਾਵੇ।

## ਦੋਭਾਸ਼ੀ ਚੋਣ ਕਰਮਚਾਰੀ ਅਤੇ ਪੋਲ ਵਰਕਰ

*ਧਾਰਾ 203 ਦੇ ਤਹਿਤ ਭਾਸ਼ਾਈ ਘੱਟ-ਗਿਣਤੀ ਵੋਟਰਾਂ ਨੂੰ ਮੌਖਿਕ ਭਾਸ਼ਾ-ਸੰਬੰਧੀ ਸਹਾਇਤਾ ਕਿਵੇਂ ਪ੍ਰਦਾਨ ਕੀਤੀ ਜਾਂਦੀ ਹੈ?*

ਧਾਰਾ 203 ਦੇ ਅਧੀਨ ਕਵਰ ਕੀਤੇ ਗਏ ਅਧਿਕਾਰ-ਖੇਤਰਾਂ ਲਈ ਮੌਖਿਕ ਸਹਾਇਤਾ ਪ੍ਰਦਾਨ ਕਰਨੀ ਲਾਜ਼ਮੀ ਹੈ ਤਾਂ ਜੋ ਭਾਸ਼ਾਈ ਘੱਟ-ਗਿਣਤੀ ਭਾਈਚਾਰਿਆਂ ਦੇ ਵੋਟਰ ਵੋਟਿੰਗ ਪ੍ਰਕਿਰਿਆ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਹਿੱਸਾ ਲੈ ਸਕਣ।

ਉਹ ਆਮ ਤੌਰ 'ਤੇ ਉਹਨਾਂ ਪੋਲਿੰਗ ਸਥਾਨਾਂ 'ਤੇ ਦੋਭਾਸ਼ੀ ਪੋਲ ਵਰਕਰਾਂ ਨੂੰ ਤੈਨਾਤ ਕਰ ਕੇ ਅਜਿਹਾ ਕਰਦੇ ਹਨ ਜਿੱਥੇ ਉਹਨਾਂ ਦੀ ਲੋੜ ਹੁੰਦੀ ਹੈ। ਇਹ ਜ਼ਰੂਰੀ ਹੈ ਕਿ ਪੋਲ ਵਰਕਰਾਂ ਨੂੰ VRA ਦੀਆਂ ਭਾਸ਼ਾ-ਸੰਬੰਧੀ ਸਹਾਇਤਾ ਦੀਆਂ ਲੋੜਾਂ ਬਾਰੇ ਸਿਖਲਾਈ ਦਿੱਤੀ ਜਾਵੇ।

ਕਿਸੇ ਪੋਲਿੰਗ ਸਥਾਨ 'ਤੇ ਲੋੜੀਂਦੇ ਦੋਭਾਸ਼ੀ ਪੋਲ ਵਰਕਰਾਂ ਦੀ ਸੰਖਿਆ ਨਿਰਧਾਰਿਤ ਕਰਨ ਲਈ, ਕਵਰ ਕੀਤੇ ਗਏ ਅਧਿਕਾਰ-ਖੇਤਰਾਂ ਨੂੰ ਅਜਿਹੀ ਜਾਣਕਾਰੀ 'ਤੇ ਵਿਚਾਰ ਕਰਨਾ ਚਾਹੀਦਾ ਹੈ ਜਿਵੇਂ ਕਵਰ ਕੀਤੇ ਗਏ ਭਾਸ਼ਾਈ ਘੱਟ-ਗਿਣਤੀ ਸਮੂਹ ਦੇ ਕਿੰਨੇ ਮੈਂਬਰ ਕਿਸੇ ਸੀਮਿਤ ਖੇਤਰ ਵਿੱਚ ਰਜਿਸਟਰਡ ਵੋਟਰ ਹਨ ਅਤੇ ਅੰਗਰੇਜ਼ੀ ਵਿੱਚ ਉਹਨਾਂ ਦੀ ਮੁਹਾਰਤ ਕੀ ਹੈ।

ਭਾਈਚਾਰੇ ਤੱਕ ਪਹੁੰਚ ਕਰਨ ਤੋਂ ਸਥਾਨਕ ਚੋਣ ਅਧਿਕਾਰੀਆਂ ਨੂੰ ਦੋਭਾਸ਼ੀ ਚੋਣ ਅਧਿਕਾਰੀਆਂ ਅਤੇ ਵਰਕਰਾਂ ਨੂੰ ਪਛਾਣਨ ਅਤੇ ਭਰਤੀ ਕਰਨ ਵਿੱਚ ਮਦਦ ਮਿਲ ਸਕਦੀ ਹੈ।

# ਭਾਈਚਾਰੇ ਦੀ ਸ਼ਮੂਲੀਅਤ ਅਤੇ ਉਸ ਤੱਕ ਪਹੁੰਚ

### *ਦੋਭਾਸ਼ੀ ਚੋਣ ਪ੍ਰੋਗਰਾਮ ਦੇ ਵਿਕਾਸ ਵਿੱਚ ਚੋਣ ਅਧਿਕਾਰੀ ਭਾਈਚਾਰੇ ਦੇ ਮੈਂਬਰਾਂ ਅਤੇ ਹੋਰ ਹਿੱਸੇਦਾਰਾਂ ਨੂੰ ਕਿਵੇਂ ਸ਼ਾਮਲ ਕਰ ਸਕਦੇ ਹਨ?*

ਭਾਸ਼ਾਈ ਘੱਟ-ਗਿਣਤੀ ਭਾਈਚਾਰੇ ਦੇ ਮੈਂਬਰ ਅਤੇ ਹੋਰ ਸਮਰਥਕ ਅਤੇ ਹਿੱਤ-ਧਾਰਕ ਇੱਕ ਪ੍ਰਭਾਵਸ਼ਾਲੀ ਦੋਭਾਸ਼ੀ ਚੋਣ ਪ੍ਰੋਗਰਾਮ ਨੂੰ ਵਿਕਸਿਤ ਕਰਨ ਅਤੇ ਉਸਨੂੰ ਕਾਇਮ ਰੱਖਣ ਵਿੱਚ ਮਦਦ ਕਰ ਸਕਦੇ ਹਨ।

ਕਨੂੰਨੀ ਸ਼ਰਤਾਂ ਅਤੇ ਭਾਸ਼ਾਈ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਪ੍ਰਭਾਵਸ਼ਾਲੀ ਪ੍ਰੋਗਰਾਮ ਨੂੰ ਲਾਗੂ ਕਰਨ ਲਈ, ਸਥਾਨਕ ਚੋਣ ਅਧਿਕਾਰੀਆਂ ਨੂੰ ਭਾਸ਼ਾਈ ਘੱਟ-ਗਿਣਤੀ ਭਾਈਚਾਰੇ ਅਤੇ ਉਸ ਭਾਈਚਾਰੇ ਨਾਲ ਕੰਮ ਕਰਨ ਵਾਲੇ ਸੰਗਠਨਾਂ ਵਿੱਚ ਵੱਖੋ-ਵੱਖ ਸੰਪਰਕਾਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

ਚੋਣ ਅਧਿਕਾਰੀਆਂ ਨੂੰ ਚੋਣ-ਸੰਬੰਧੀ ਜਾਣਕਾਰੀ ਦਾ ਪ੍ਰਚਾਰ ਕਰਨ, ਦੋਭਾਸ਼ੀ ਵਰਕਰਾਂ ਦੀ ਭਰਤੀ ਅਤੇ ਵੋਟਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਸਭ ਤੋਂ ਵਧੀਆ ਤਰੀਕੇ ਜਾਣਨ ਲਈ ਆਪਣੇ ਭਾਸ਼ਾਈ ਘੱਟ-ਗਿਣਤੀ ਭਾਈਚਾਰਿਆਂ ਦੇ ਮੈਂਬਰਾਂ ਨਾਲ ਵੀ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ। ਇਸ ਪ੍ਰਚਾਰ ਵਿੱਚ ਘੱਟ-ਗਿਣਤੀ ਭਾਸ਼ਾ ਮੀਡੀਆ, ਜਿੱਥੇ ਉਪਲਬਧ ਹੋਵੇ, ਦੀ ਵਰਤੋਂ, ਅਤੇ ਚੋਣਾਂ ਨਾਲ ਜੁੜੀਆਂ ਵੈੱਬਸਾਈਟਾਂ 'ਤੇ ਸਹੀ ਅਨੁਵਾਦ ਕੀਤੀ ਸਮੱਗਰੀ ਸ਼ਾਮਲ ਹੋਣੀ ਚਾਹੀਦੀ ਹੈ।

### *ਭਾਈਚਾਰੇ ਦੇ ਮੈਂਬਰ ਦੋਭਾਸ਼ੀ ਚੋਣ ਪ੍ਰੋਗਰਾਮ ਵਿੱਚ ਕਿਵੇਂ ਹਿੱਸਾ ਲੈ ਸਕਦੇ ਹਨ?*

ਭਾਈਚਾਰੇ ਦੇ ਮੈਂਬਰ ਸੁਝਾਅ ਦੇਣ ਅਤੇ ਘੱਟ-ਗਿਣਤੀ ਭਾਸ਼ਾ ਦੇ ਚੋਣ ਪ੍ਰੋਗਰਾਮ ਵਿੱਚ ਕਿਰਿਆਸ਼ੀਲ ਤੌਰ 'ਤੇ ਹਿੱਸਾ ਲੈਣ ਲਈ, ਸਥਾਨਕ ਚੋਣ ਅਧਿਕਾਰੀਆਂ ਦੇ ਨਾਲ-ਨਾਲ ਸ਼ਹਿਰ ਅਤੇ ਕਾਊਂਟੀ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ। ਭਾਈਚਾਰੇ ਦੇ ਦੋਭਾਸ਼ੀ ਮੈਂਬਰ ਵੀ ਪੋਲ ਵਰਕਰਾਂ ਦੇ ਤੌਰ 'ਤੇ ਸੇਵਾ ਕਰਨ ਲਈ ਵਲੰਟੀਅਰ ਬਣ ਸਕਦੇ ਹਨ, ਅਨੁਵਾਦ ਕੀਤੀ ਸਮੱਗਰੀ ਬਾਰੇ ਫ਼ੀਡਬੈਕ ਪ੍ਰਦਾਨ ਕਰ ਸਕਦੇ ਹਨ ਜਾਂ ਅੰਗਰੇਜ਼ੀ ਵਿੱਚ ਸੀਮਿਤ ਮੁਹਾਰਤ ਵਾਲੇ ਵੋਟਰਾਂ ਦੀਆਂ ਭਾਸ਼ਾ-ਸੰਬੰਧੀ ਲੋੜਾਂ ਨੂੰ ਪਛਾਣਨ ਵਿੱਚ ਮਦਦ ਕਰ ਸਕਦੇ ਹਨ।

ਭਾਈਚਾਰੇ ਦੇ ਮੈਂਬਰਾਂ ਨੂੰ ਸਥਾਨਕ ਚੋਣ ਅਧਿਕਾਰੀਆਂ ਨੂੰ ਧਾਰਾ 203 ਦੀ ਤਾਮੀਲ ਬਾਬਤ ਕਿਸੇ ਵੀ ਸਮੱਸਿਆਵਾਂ ਦੀ ਰਿਪੋਰਟ ਕਰਨੀ ਚਾਹੀਦੀ ਹੈ ਅਤੇ, ਜੇਕਰ ਉਹ ਅਧਿਕਾਰੀ ਸਮੱਸਿਆਵਾਂ ਨੂੰ ਠੀਕ ਤਰ੍ਹਾਂ ਹੱਲ ਨਹੀਂ ਕਰਦੇ, ਤਾਂ 1-(800) 253-3931 ਜਾਂ www.civilrights.justice.gov 'ਤੇ ਡਿਪਾਰਟਮੈਂਟ ਨੂੰ ਸੂਚਿਤ ਕਰਨਾ ਚਾਹੀਦਾ ਹੈ।

# ਯੂਨਾਈਟਡ ਸਟੇਟਸ ਡਿਪਾਰਟਮੈਂਟ ਆੱਫ਼ ਜਸਟਿਸ ਦੀ ਭੂਮਿਕਾ

***ਇਹ ਯਕੀਨੀ ਬਣਾਉਣ ਵਿੱਚ ਡਿਪਾਰਟਮੈਂਟ ਦੀ ਕੀ ਭੂਮਿਕਾ ਹੈ ਕਿ ਕਵਰ ਕੀਤੇ ਗਏ ਅਧਿਕਾਰ ਖੇਤਰ ਅੰਗਰੇਜ਼ੀ ਵਿੱਚ ਸੀਮਿਤ ਮੁਹਾਰਤ ਵਾਲੇ ਵੋਟਰਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਦੇ ਹਨ?***

***ਸੂਚਿਤ ਕਰਨਾ*** ਡਿਪਾਰਟਮੈਂਟ ਅਧਿਕਾਰ ਖੇਤਰਾਂ ਨੂੰ ਸੂਚਿਤ ਕਰਦਾ ਹੈ ਕਿ ਉਹ ਧਾਰਾ 203 ਦੇ ਅਧੀਨ ਹਨ ਅਤੇ ਭਾਈਚਾਰਿਆਂ ਨੂੰ ਕਨੂੰਨ ਅਤੇ ਭਾਸ਼ਾ-ਸੰਬੰਧੀ ਸਹਾਇਤਾ ਦੀਆਂ ਲੋੜਾਂ ਬਾਰੇ ਦੱਸਦਾ ਹੈ।

***ਸਹਾਇਤਾ ਕਰਨਾ*** ਡਿਪਾਰਟਮੈਂਟ ਅਧਿਕਾਰ ਖੇਤਰਾਂ ਨੂੰ ਇੱਕ ਕਾਮਯਾਬ ਭਾਸ਼ਾ ਸਹਾਇਤਾ ਪ੍ਰੋਗਰਾਮ ਨੂੰ ਵਿਕਸਿਤ ਅਤੇ ਲਾਗੂ ਕਰਨ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ ਅਤੇ ਭਾਸ਼ਾ-ਸੰਬੰਧੀ ਸਹਾਇਤਾ ਦੀਆਂ ਲੋੜਾਂ ਦੀ ਪਾਲਣਾ ਨਾਲ ਜੁੜੇ ਸਵਾਲਾਂ ਦੇ ਜਵਾਬ ਦਿੰਦਾ ਹੈ।

ਡਿਪਾਰਟਮੈਂਟ ਸਥਾਨਕ ਚੋਣ ਅਧਿਕਾਰੀਆਂ ਨੂੰ ਧਾਰਾ 203 ਦੀ ਪਾਲਣਾ ਕਰਨ ਦੇ ਤਰੀਕੇ ਬਾਰੇ ਮਾਰਗ-ਦਰਸ਼ਨ ਵੀ ਪ੍ਰਦਾਨ ਕਰਦਾ ਹੈ। ਇਹਨਾਂ ਦਿਸ਼ਾ-ਨਿਰਦੇਸ਼ਾਂ ਦਾ ਸਿਰਲੇਖ ਹੈ "ਭਾਸ਼ਾਈ ਘੱਟ-ਗਿਣਤੀ ਸਮੂਹਾਂ ਦੇ ਸੰਬੰਧ ਵਿੱਚ ਵੋਟਿੰਗ ਰਾਈਟਸ ਐਕਟ ਦੀਆਂ ਵਿਵਸਥਾਵਾਂ ਨੂੰ ਲਾਗੂ ਕਰਨਾ।" 28 C.F.R. ਭਾਗ 55 (www.justice.gov/crt/page/file/927236/dl?inline)।

***ਲਾਗੂ ਕਰਨਾ*** ਡਿਪਾਰਟਮੈਂਟ ਧਾਰਾ 203 ਦੀਆਂ ਕਥਿਤ ਉਲੰਘਣਾਵਾਂ ਦੀ ਜਾਂਚ ਕਰਦਾ ਹੈ ਅਤੇ ਉਲੰਘਣਾਵਾਂ ਨੂੰ ਰੋਕਣ ਲਈ ਤਾਮੀਲ ਕਰਵਾਉਣ ਦੀ ਉਚਿਤ ਕਾਰਵਾਈ ਕਰਦਾ ਹੈ।

# ਹੋਰ ਜਾਣਨਾ ਅਤੇ ਯੂਨਾਈਟਡ ਸਟੇਟਸ ਡਿਪਾਰਟਮੈਂਟ ਆੱਫ਼ ਜਸਟਿਸ ਨਾਲ ਸੰਪਰਕ ਕਰਨਾ

***ਮੈਨੂੰ ਧਾਰਾ 203 ਬਾਰੇ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?***

ਤੁਸੀਂ www.justice.gov/crt/about-language-minority-voting-rights 'ਤੇ ਧਾਰਾ 203 ਬਾਰੇ ਜਾਣਕਾਰੀ ਆਨਲਾਈਨ ਪ੍ਰਾਪਤ ਕਰ ਸਕਦੇ ਹੋ, ਜਿਸ ਵਿੱਚ ਉਸਦੀ ਪੂਰੀ ਲਿਖਤ, ਕਵਰ ਕੀਤੇ ਗਏ ਅਧਿਕਾਰ ਖੇਤਰਾਂ ਦੀ ਸੂਚੀ ਅਤੇ ਯੂਨਾਈਟਡ ਸਟੇਟਸ ਅਟਾਰਨੀ ਜਨਰਲ ਦੇ ਘੱਟ-ਗਿਣਤੀ ਭਾਸ਼ਾ ਬਾਬਤ ਦਿਸ਼ਾ-ਨਿਰਦੇਸ਼ ਸ਼ਾਮਲ ਹਨ।

### *ਮੈਂ ਧਾਰਾ 203 ਬਾਰੇ ਡਿਪਾਰਟਮੈਂਟ ਨਾਲ ਕਿਵੇਂ ਸੰਪਰਕ ਕਰਾਂ?*

ਤੁਸੀਂ 1-(800) 253-3931 ’ਤੇ ਕਾਲ ਕਰ ਕੇ ਜਾਂ www.civilrights.justice.gov ’ਤੇ ਫ਼ਾਰਮ ਭਰ ਕੇ ਡਿਪਾਰਟਮੈਂਟ ਦੀ ਸਿਵਲ ਰਾਈਟਸ ਡਿਵਿਜ਼ਨ ਦੇ ਵੋਟਿੰਗ ਸੈਕਸ਼ਨ ਵਿੱਚ ਸੰਪਰਕ ਕਰ ਸਕਦੇ ਹੋ।

U. S. Department of Justice
Civil Rights Division

**Justice.gov/voting**

Punjabi